Weekly

# CANADA SIKH TIMES

8 - 14 June 2024

ਕੈਨੇਡਾ ਸਿੱਖ ਟਾਈਮਜ਼

Volume 2 Issue 23

• RELIGION • CULTURE • HERITAGE • BUSINESS

## ਤਨਪ੍ਰੀਤ ਕੌਰ ਪਰਮਾਰ ਬਣੀ ਮਿਸ ਕੈਨੇਡਾ ਪੰਜਾਬੀਆਂ ਦਾ ਨਾਂ ਕੀਤਾ ਰੌਸ਼ਨ



ਸਰੀ ਦੇ ਨਾਲ ਲੱਗਦੇ ਸ਼ਹਿਰ ਡੈਲਟਾ ਦੀ ਰਹਿਣ ਵਾਲੀ ਤਨਪ੍ਰੀਤ ਕੌਰ ਪਰਮਾਰ (29) ਨੇ ਮਿਸ ਕੈਨੇਡਾ ਬਣ ਕੇ ਪੰਜਾਬਣ ਮੁਟਿਆਰਾਂ ਦਾ ਸਿਰ ਫ਼ਖ਼ਰ ਨਾਲ ਉੱਚਾ ਕੀਤਾ ਹੈ। ਪਿਛਲੇ ਦਿਨੀਂ ਮੌਂਟਰੀਅਲ ਵਿੱਚ ਹੋਏ 2024 ਕੈਨੇਡਾ ਸੁੰਦਰਤਾ ਮੁਕਾਬਲੇ ਵਿਚ ਹਿੱਸਾ ਲੈਣ ਵਾਲੀਆਂ 25 ਮੁਟਿਆਰਾਂ ਵਿੱਚੋਂ ਸੁੰਦਰਤਾ ਦਾ ਤਾਜ ਤਨਪ੍ਰੀਤ ਦੇ ਸਿਰ ਸਜਿਆ। ਸੁੰਦਰਤਾ ਮੁਕਾਬਲੇ ਵਿਚ ਤਨਪ੍ਰੀਤ ਦੀ ਇਹ ਚੌਥੀ ਕੋਸ਼ਿਸ਼ ਸੀ। ਉਸ ਨੇ ਕਿਹਾ ਕਿ ਕੈਨੇਡਾ ਵੱਸਦੇ ਦੁਨੀਆ ਦੇ ਹਰ ਭਾਈਚਾਰੇ ਦੀਆਂ ਮੁਟਿਆਰਾਂ ਵਿੱਚ ਖੜ੍ਹ ਕੇ ਸਿਰ ’ਤੇ ਸਜਿਆ ਤਾਜ ਉਸ ਨੂੰ ਇੱਕ ਸੁਪਨੇ ਵਰਗਾ ਲੱਗ ਰਿਹਾ ਹੈ। ਤਨਪ੍ਰੀਤ 24 ਸਾਲ ਪਹਿਲਾਂ ਮਾਪਿਆਂ ਨਾਲ ਕੈਨੇਡਾ ਆਈ ਅਤੇ ਉਸ ਨੇ ਇੱਥੇ ਡੈਲਟਾ ਵਿੱਚ ਹੀ ਪੜ੍ਹਾਈ ਕੀਤੀ। ਸਥਾਨਕ ਪੱਧਰ ਦੇ ਕੁਝ ਸੁੰਦਰਤਾ ਮੁਕਾਬਲਿਆਂ ਵਿੱਚੋਂ ਉਸ ਨੇ 2016 ਵਿੱਚ ਮਿਸ ਕੈਨੇਡਾ-ਇੰਡੀਆ ਮੁਕਾਬਲਾ ਵੀ ਜਿੱਤਿਆ ਸੀ। ਤਨਪ੍ਰੀਤ ਦਾ ਮੰਨਣਾ ਹੈ ਕਿ ਸੁੰਦਰਤਾ ਚਿਹਰਿਆਂ ਦੇ ਨਾਲ-ਨਾਲ ਮਨਾਂ ਵਿੱਚੋਂ ਵੀ ਝਲਕਦੀ ਹੈ।

## Sarabjot Singh Shines at ISSF World Cup in Munich



The International Shooting Sports Federation (ISSF) World Cup, a prestigious shooting tournament, is currently underway in Munich, Germany, from May 31 to June 8, 2024. Amidst the intense competition, Indian shooter Sarabjot Singh has etched his name in history by claiming India's first medal at the event. In a remarkable display of skill and precision, Sarabjot Singh secured the gold medal in the men's 10-meter air pistol event. His outstanding performance saw him scoring an impressive 242.7 points in the final, outshining his competitors. This achievement holds immense significance as it marks Sarabjot Singh's second individual gold medal in the ISSF World Cup.

## ਪੰਜਾਬੀ ਵਿਦਿਆਰਥੀਆਂ ਦਾ ਕੈਨੇਡਾ ਤੋਂ ਹੋਇਆ ਮੋਹ ਭੰਗ!




ਦੂਜਾ ਪੰਜਾਬ ਕਹੇ ਜਾਂਦੇ ਕੈਨੇਡਾ ਤੋਂ ਹੁਣ ਲਗਦਾ ਹੈ ਪੰਜਾਬੀਆਂ ਦਾ ਮੋਹ ਭੰਗ ਹੁੰਦਾ ਜਾ ਰਿਹਾ ਹੈ। ਇਹ ਅਸੀਂ ਨਹੀਂ ਸਗੋਂ ਅੰਕੜੇ ਕਹਿ ਰਹੇ ਹਨ। ਦਰਅਸਲ ਇਸ ਸਾਲ 12ਵੀਂ ਕਰਕੇ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ 50 ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ ਜਿਸ ਦਾ ਲਾਭ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ ਨੂੰ ਹੋਇਆ ਹੈ। ਉਨ੍ਹਾਂ ਦੀਆਂ ਸੰਸਥਾਵਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਇਮੀਗ੍ਰੇਸ਼ਨ, ਰਫਿਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ ਦੇ ਅੰਕੜਿਆਂ ਅਨੁਸਾਰ 2023 ਵਿੱਚ ਭਾਰਤ ਤੋਂ 3.19 ਲੱਖ ਵਿਦਿਆਰਥੀ ਕੈਨੇਡਾ ਗਏ ਸਨ ਸਨ ਜਿਨ੍ਹਾਂ ਵਿੱਚੋਂ 1.8 ਲੱਖ ਦੇ ਕਰੀਬ ਪੰਜਾਬੀ ਵਿਦਿਆਰਥੀ ਸਨ। ਹਾਲਾਂਕਿ, ਇਸ ਵਾਰ, ਵੱਖ-ਵੱਖ ਇਮੀਗ੍ਰੇਸ਼ਨ ਕੰਪਨੀਆਂ, ਆਈਲੈਟਸ ਸੈਂਟਰ ਤੇ ਟਿਕਟਿੰਗ ਏਜੰਸੀਆਂ, ਜਿਨ੍ਹਾਂ ਨੇ ਪਿਛਲੇ ਛੇ-ਸੱਤ ਸਾਲਾਂ ਦੌਰਾਨ ਵੱਡਾ ਉਛਾਲ ਦੇਖਿਆ ਸੀ, ਇਸ ਸਮੇਂ ਉਨ੍ਹਾਂ ਦੇ ਕਾਰੋਬਾਰ ਵਿੱਚ ਭਾਰੀ ਗਿਰਾਵਟ ਦੇਖੀ ਜਾ ਰਹੀ ਹੈ। ਹਾਲਾਂਕਿ ਇਹ ਕਾਰੋਬਾਰ ਜਿਸ ਗੰਭੀਰ ਸਥਿਤੀ ਦਾ ਸਾਹਮਣਾ ਕਰ ਰਹੇ ਹਨ, ਉਸ ਨੇ ਰਾਜ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਲਈ ਬੂਮ ਟਾਈਮ ਲਿਆਂਦਾ ਹੈ, ਜੋ ਪਿਛਲੇ ਕੁਝ ਸਾਲਾਂ ਤੋਂ ਬਹੁਤ ਅਸਥਿਰਤਾ ਦਾ ਸਾਹਮਣਾ ਕਰ ਰਹੇ ਸਨ। ਲਾਇਲਪੁਰ ਖਾਲਸਾ ਕਾਲਜ ਟੈਕਨੀਕਲ ਕੈਂਪਸ ਦੇ ਡਾਇਰੈਕਟਰ ਡਾ.ਆਰ. ਐਸ. ਦਿਓਲ ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਵਾਈਸ ਪ੍ਰੈਜ਼ੀਡੈਂਟ ਅਮਨ ਮਿੱਤਲ ਨੇ ਕਿਹਾ, “ਕੈਨੇਡਾ ਵੱਲੋਂ ਇਮੀਗ੍ਰੇਸ਼ਨ ’ਤੇ ਲਗਾਈ ਗਈ ਰੋਕ ਸਾਡੇ ਖੇਤਰ ਦੇ ਕਾਲਜਾਂ ਲਈ ਇੱਕ ਵੱਡੀ ਬਰਕਤ ਵਜੋਂ ਸਾਹਮਣੇ ਆਈ ਹੈ।

# DESH VIDESH



## ਸ੍ਰੀ ਗੁਰੂ ਅਰਜਨ ਸਾਹਿਬ ਜੀ

- ਮਮਤਾ ਕੌਰ, ਹਾਜ਼ੀਬਰਗ

ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਪ੍ਰਕਾਸ਼ 15 ਅਪ੍ਰੈਲ ਸੰਨ 1563 ਨੂੰ ਗੋਇੰਦਵਾਲ ਵਿਖੇ ਗੁਰੂ ਰਾਮਦਾਸ ਸਾਹਿਬ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁੱਖੋਂ ਹੋਇਆ। 11 ਸਾਲ ਦੀ ਉਮਰ ਤੱਕ ਗੋਇੰਦਵਾਲ ਹੀ ਰਹੇ। ਨਾਨਾ ਗੁਰੂ ਅਮਰਦਾਸ ਜੀ ਪਾਸੋਂ ਗੁਰਮਤਿ ਦੀ ਲਗਨ ਲੱਗੀ ਤੇ ਗੁਰਸਿੱਖੀ ਵਿੱਚ ਪ੍ਰਪੱਕ ਹੋਏ। ਜਦੋਂ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ ਤਾਂ ਆਪ ਪਿਤਾ ਗੁਰੂ ਰਾਮਦਾਸ ਜੀ ਨਾਲ ਗੁਰੂ ਕੇ ਚੱਕ ਵਿਖੇ ਆ ਗਏ। 18 ਸਾਲ ਦੀ ਉਮਰ ਵਿੱਚ ਗੁਰੂ ਰਾਮਦਾਸ ਜੀ ਨੇ ਆਪ ਨੂੰ ਗੁਰਿਆਈ ਦੇ ਯੋਗ ਜਾਣ ਕੇ ਗੁਰਿਆਈ ਬਖਸ਼ ਦਿੱਤੀ ਤੇ ਨਾਲ ਹੀ ਗੁਰਬਾਣੀ ਦਾ ਸਾਰਾ ਖ਼ਜ਼ਾਨਾ, ਜੋ ਉਨ੍ਹਾਂ ਕੋਲ ਪਹਿਲੇ ਗੁਰੂ ਸਾਹਿਬ ਤੇ ਭਗਤਾ ਦੀ ਬਾਣੀ ਦਾ ਸੀ, ਉਹ ਵੀ ਬਖਸ਼ ਦਿੱਤਾ।

1 ਸਤੰਬਰ, ਸੰਨ 1581 ਨੂੰ ਗੁਰੂ ਰਾਮਦਾਸ ਜੀ ਗੋਇੰਦਵਾਲ ਵਿਖੇ ਜੋਤੀ ਜੋਤ ਸਮਾਏ। ਦਸਤਾਰ-ਬੰਦੀ ਦੀ ਰਸਮ ਸਮੇਂ ਸੰਗਤਾਂ ਦਾ ਇਕੱਠ ਹੋਇਆ। ਭੱਟ ਵੀ ਦਰਸ਼ਨ ਕਰਨ ਆਏ। ਇਹਨਾਂ ਹਰੇਕ ਗੁਰੂ ਵਿਅਕਤੀ ਦੀ ਵਡਿਆਈ ਕੀਤੀ ਤੇ ਸਵੱਈਏ ਉਚਾਰਨ ਕੀਤੇ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ।

ਗੁਰੂ ਜੀ ਵਾਪਸ ਗੁਰੂ ਕੇ ਚੱਕ ਆ ਗਏ। ਅੰਮ੍ਰਿਤਸਰ ਸਰੋਵਰ ਦੀ ਸੇਵਾ ਆਰੰਭ ਕਰਾਈ, ਸੰਗਤਾਂ ਨੂੰ ਦਸਵੰਧ ਦੇਣ ਦੀ ਪ੍ਰੇਰਨਾ ਕੀਤੀ। ਸਰੋਵਰ ਸਨ 1588 ਵਿੱਚ ਮੁਕੰਮਲ ਹੋਇਆ, ਇਸ ਦਾ ਨਾਂ ਗੁਰੂ ਅਰਜਨ ਸਾਹਿਬ ਜੀ ਨੇ 'ਅੰਮ੍ਰਿਤਸਰ' ਰਖਿਆ। ਗੁਰੂ ਅਰਜਨ ਸਾਹਿਬ ਨੇ ਸਰੋਵਰ ਦੇ ਵਿੱਚਕਾਰ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਆਪਣੇ ਪਿਆਰੇ ਸ਼ਰਧਾਲੂ ਸਾਈ ਮੀਆਂ ਮੀਰ ਪਾਸੋਂ ਅਕਤੂਬਰ, ਸਨ 1588 ਵਿੱਚ ਰਖਵਾਈ। ਅੰਮ੍ਰਿਤਸਰ ਸਰੋਵਰ ਦੇ ਨਾਮ ਤੇ ਸ਼ਹਿਰ ਦਾ ਨਾਮ ਵੀ ਅੰਮ੍ਰਿਤਸਰ ਪ੍ਰਸਿੱਧ ਹੋ ਗਿਆ।

ਸੰਨ 1589 ਵਿੱਚ ਆਪ ਦੀ ਸ਼ਾਦੀ ਪਿੰਡ ਮਊ, ਤਹਿਸੀਲ ਫ਼ਿਲੌਰ ਦੇ ਵਸਨੀਕ ਸ੍ਰੀ ਕ੍ਰਿਸ਼ਨ ਚੰਦ ਦੀ ਸਪੁੱਤਰੀ ਬੀਬੀ ਗੰਗਾ ਜੀ ਨਾਲ ਹੋਈ, ਜਿਨਾਂ ਦੀ ਕੁੱਖੋਂ ਗੁਰੂ ਹਰਗੋਬਿੰਦ ਸਾਹਿਬ ਦਾ ਪ੍ਰਕਾਸ਼ ਹੋਇਆ ।

ਆਪ ਨੇ ਮਾਝੇ ਦੇ ਪਿੰਡਾਂ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਸਨ 1590 ਵਿੱਚ ਤਰਨਤਾਰਨ ਵਸਾਇਆ। ਖਡੂਰ, ਗੋਇੰਦਵਾਲ, ਸਰਹਾਲੀ, ਖਾਨਪੁਰ ਆਦਿ ਸਾਰੇ ਇਲਾਕਿਆਂ ਵਿੱਚ ਪ੍ਰਚਾਰ ਕੀਤਾ। ਫਿਰ ਕਰਤਾਰਪੁਰ (ਜਲੰਧਰ) ਵਸਾਇਆ। ਦੁਆਬੇ ਵਿੱਚ ਅਨੇਕਾਂ ਸਖੀ ਸਰਵਰੀਏ ਸਿੱਖ ਬਣੇ । ਸੰਨ 1595 ਵਿੱਚ ਸਖਤ ਔੜ ਲੱਗ ਗਈ। ਪਾਣੀ ਦੀ ਥੁੜ ਨੂੰ ਮੁੱਖ ਰੱਖ ਕੇ ਕਈ ਪਿੰਡਾਂ ਵਿੱਚ ਖੂਹ ਲਗਵਾਏ।

ਲਾਹੌਰ ਵਿੱਚ ਕਾਲ ਪੈ ਗਿਆ। ਕਾਲ ਦੇ ਕਾਰਨ ਕਈ ਬੀਮਾਰੀਆਂ ਫੈਲ ਗਈਆਂ। ਲਾਹੌਰ ਸ਼ਹਿਰ ਦੀਆਂ ਗਲੀਆਂ ਅਤੇ ਬਾਜ਼ਾਰ ਮੁਰਦਿਆਂ ਨਾਲ ਭਰੇ ਜਾਣ ਲੱਗੇ। ਗੁਰੂ ਜੀ ਸਿੱਖਾਂ ਤੇ ਪਰਿਵਾਰ ਸਮੇਤ ਪਹੁੰਚੇ। ਸਾਰਾ ਦਸਵੰਧ ਦੁਖੀਆਂ ਦੇ ਦੁੱਖ ਵੰਡਾਉਣ ਲਈ ਖਰਚ ਕੀਤਾ। ਆਪਣੀ ਹੱਥੀ ਸੇਵਾ ਕੀਤੀ। ਅਕਬਰ ਬਾਦਸ਼ਾਹ ਆਗਰੇ ਤੋਂ ਲਾਹੌਰ ਆਇਆ। ਗੁਰੂ ਘਰ ਦੀ ਸੇਵਾ ਤੋਂ ਪ੍ਰਸੰਨ ਹੋਇਆ ਤੇ ਗੁਰੂ ਜੀ ਦੇ ਕਹਿਣ ਤੇ ਕਿਸਾਨਾਂ ਦਾ ਮਾਮਲਾ ਮਾਫ਼ ਕਰ ਦਿੱਤਾ। ਗੁਰੂ ਅਰਜਨ ਸਾਹਿਬ ਨੇ ਚੂਨਾ ਮੰਡੀ ਵਿੱਚ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਅਸਥਾਨ ਦੀ ਇਮਾਰਤ ਸ਼ੁਰੂ ਕਰਵਾਈ। ਡੱਬੀ ਬਾਜ਼ਾਰ ਵਿੱਚ ਗੁਰੁਦੁਆਰਾ ਬਉਲੀ ਸਾਹਿਬ ਬਣਵਾਉਣਾ ਆਰੰਭ ਕੀਤਾ, ਇਸ ਤਰ੍ਹਾਂ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲਿਆ। ਯਤੀਮਾਂ ਦੀ ਪਾਲਣਾ ਲਈ ਆਸ਼ਰਮ ਬਣੇ, ਲੰਗਰ ਜਾਰੀ ਕੀਤੇ ਗਏ। ਗੁਰੂ ਅਰਜਨ ਸਾਹਿਬ ਜੀ 8 ਮਹੀਨੇ ਲਾਹੌਰ ਵਿਖੇ ਸੇਵਾ ਤੇ ਲੱਗੇ ਰਹੇ।

ਲਾਹੌਰ ਤੋਂ ਵਾਪਸ ਪਿੰਡਾਂ ਵਿੱਚ ਸਿੱਖੀ ਦਾ ਪ੍ਰਚਾਰ ਕਰਕੇ ਗੁਰੂ ਜੀ ਗੋਇੰਦਵਾਲ ਤੋਂ ਹੋ ਕੇ ਅੰਮ੍ਰਿਤਸਰ ਪੁੱਜੇ। ਥੋੜ੍ਹਾ ਸਮਾਂ ਅੰਮ੍ਰਿਤਸਰ ਠਹਿਰ ਕੇ ਡੇਰਾ ਬਾਬਾ ਨਾਨਕ, ਕਰਤਾਰਪੁਰ, ਕਲਾਨੌਰ, ਬਾਰਠ ਆਦਿਕ ਪਿੰਡਾਂ ਵਿੱਚ ਦੋ ਸਾਲ ਦਾ ਚੱਕਰ ਲਾ ਕੇ ਸਿੱਖੀ ਦਾ ਪਰਚਾਰ ਕੀਤਾ। ਸੰਨ 1601 ਵਿੱਚ ਵਾਪਸ ਅੰਮ੍ਰਿਤਸਰ ਆ ਗਏ। ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਮੁਕੰਮਲ ਹੋ ਚੁੱਕੀ ਸੀ, ਜਿਸ ਵਿੱਚ ਰੋਜ਼ਾਨਾ ਸਤਿਸੰਗ ਦੀ ਮਰਿਆਦਾ ਕਾਇਮ ਕੀਤੀ।

ਅੰਮ੍ਰਿਤਸਰ ਵਾਪਸ ਆਉਣ ਸਮੇਂ ਬਾਲ (ਗੁਰੂ) ਹਰਗੋਬਿੰਦ ਜੀ ਨੂੰ ਸ਼ੀਤਲਾ (ਚੇਚਕ) ਨਿਕਲ ਆਈ। ਕੁਝ ਹਿੰਦੂ ਨਰ-ਨਾਰੀ ਵੀ ਬੱਚੇ ਦੀ ਸੁਰਤ ਲੈਣ ਆਏ ਸੁਰਤ ਲੈਣ ਆਏ। ਕਈਆਂ ਪ੍ਰੇਰਣਾ ਕੀਤੀ ਕਿ ਸ਼ੀਤਲਾ ਦੇ ਮੰਦਰ ਮੱਥਾ ਟਿਕਾਉ। ਗੁਰੂ ਜੀ ਨੇ ਭਰਮੀ ਲੋਕਾਂ ਨੂੰ ਸਮਝਾਇਆ ਕਿ ਸ਼ੀਤਲਾ ਕੋਈ ਦੇਵੀ ਨਹੀਂ, ਇਹ ਤਾਂ ਬਿਮਾਰੀ ਹੈ ਤੇ ਇਸ ਦਾ ਇਲਾਜ ਕਰਨਾ ਚਾਹੀਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਤਿਆਰੀ ਤੋਂ ਬਾਅਦ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਦਾ ਕੰਮ ਆਰੰਭ ਕਰਵਾਇਆ। ਸਾਰੀ ਬਾਣੀ ਗੁਰੂਆਂ ਦੀ ਤੇ ਭਗਤਾਂ ਦੀ ਉਹਨਾਂ ਕੋਲ ਸੀ। ਉਹਨਾਂ ਇਸ ਕੰਮ ਲਈ ਭਾਈ ਗੁਰਦਾਸ ਜੀ ਦੀ ਡਿਊਟੀ ਲਗਾਈ। ਭਾਈ ਗੁਰਦਾਸ ਜੀ ਨੇ ਰਾਮਸਰ ਸਰੋਵਰ ਦੇ ਕੰਢੇ ਬੈਠ ਕੇ ਸੇਵਾ ਨਿਭਾਈ। ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਖੇ ਸਨ 1604 ਵਿੱਚ ਕਰ ਦਿੱਤਾ ਗਿਆ। ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ ਗਿਆ।

ਸਿੱਖ ਧਰਮ ਦੇ ਪ੍ਰਚਾਰ ਦੀ ਵੱਧ ਰਹੀ ਲਹਿਰ ਨੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਸਿੱਖ ਧਰਮ ਗ੍ਰਹਿਣ ਕਰਨ ਲਈ ਪ੍ਰੇਰਿਆ। ਬਹੁਤ ਸਾਰੇ ਮੁਸਲਮਾਨ ਸਿੱਖ ਬਣੇ। ਇਹ ਗੱਲ ਕੱਟੜ ਸ਼ਰਈ ਮੁਸਲਮਾਨਾ ਤੇ ਮੌਲਾਣਿਆ ਲਈ ਬਹੁਤ ਚੁਭਵੀ ਸੀ। ਸ਼ੇਖ ਅਹਿਮਦ ਸਰਹੰਦੀ ਤੇ ਸ਼ੇਖ ਫਰੀਦ ਬੁਖਾਰੀ ਵਰਗੇ ਜਨੂਨੀ ਮੁਸਲਮਾਨਾਂ ਨੇ ਜਹਾਂਗੀਰ ਦਾ ਸਾਥ ਦੇ ਕੇ ਉਸ ਨੂੰ ਅਕਬਰ ਤੋਂ ਬਾਅਦ ਰਾਜ ਗੱਦੀ ਤੇ ਬੈਠਾਇਆ ਤੇ ਸਾਰਾ ਜੋਰ ਲਾ ਕੇ ਉਸਦੇ ਕੰਨ ਭਰੇ ਕੇ ਸਿੱਖੀ ਦੀ ਇਸ ਲਹਿਰ ਨੂੰ ਖ਼ਤਮ ਕਰਨਾ ਚਾਹੀਦਾ ਹੈ। ਇਸ ਕੰਮ ਵਿੱਚ ਪ੍ਰਿਥੀ ਚੰਦ, ਚੰਦੂ, ਬੀਰਬਲ ਆਦਿ ਗੁਰੂ ਘਰ ਦੇ ਵਿਰੋਧੀਆਂ ਨੇ ਵੀ ਵਿੱਤ ਅਨੁਸਾਰ ਹਿੱਸਾ ਪਾਇਆ। ਜਹਾਂਗੀਰ ਨੇ ਖੁਸਰੋ ਦੀ ਬਗਾਵਤ ਸਮੇਂ ਗੁਰੂ ਜੀ ਉੱਤੇ ਸਹਾਇਤਾ ਕਰਨ ਦਾ ਝੂਠਾ ਇਲਜ਼ਾਮ ਲਗਾ ਕੇ ਗੁਰੂ ਅਰਜਨ ਸਾਹਿਬ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ। 30 ਮਈ ਸੰਨ 1606 ਨੂੰ ਗੁਰੂ ਅਰਜਨ ਸਾਹਿਬ ਜੀ ਨੂੰ 'ਯਾਸਾ' ਦੇ ਸਖਤ ਕਾਨੂੰਨ ਹੇਠ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਜਿਥੇ ਹੁਣ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਸੁਸ਼ੋਭਿਤ ਹੈ। ਗੁਰੂ ਅਰਜਨ ਸਾਹਿਬ ਸਿੱਖ ਧਰਮ ਨੂੰ ਸਿਖਰ ਤੇ ਪਹੁੰਚਾ ਕੇ ਸ਼ਹੀਦ ਹੋ ਗਏ। ਸ਼ਹੀਦ ਹੋਣ ਲਈ ਜਾਣ ਤੋਂ ਪਹਿਲਾਂ ਉਨਾਂ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਗੁਰਿਆਈ ਬਖਸ਼ ਦਿੱਤੀ ਸੀ। ◆◆

# HERITAGE

## Sift Kaur Samra Clinches Bronze; India Finish with Two Medals



India finished with two medals at the ISSF World Cup 2024 in Munich, Germany after shooter Sift Kaur Samra won the bronze in the women's 50m rifle 3 positions shooting event on Friday Sift Kaur Samra, who won the gold medal at the Asian Games with a world record score of 469.6, shot 452.9 in the final in Munich to take the third spot on the podium.

Great Britain's Seonaid Mcintosh won the gold medal with a score of 466.7 while Jiayu Han of the People's Republic of China settled for silver with 462.6.

Sift Kaur Samra was seventh with a score of 152.5 after the kneeling round but overcame the poor start in the following rounds. She improved her rank to fifth after scoring 309.8 in the prone round and a strong performance in the standing section helped her climb up the leaderboard and take third place.

The 22-year-old Indian shooter had qualified for the final after finishing fifth in the women's 50m rifle positions 3 qualification round with a score of 593.

## Gurpreet Singh Sandhu Takes Over as Indian Men's Football Team Captain

Gurpreet Singh Sandhu has been named India captain for the crucial tie against Qatar in the FIFA World Cup 2026 and AFC Asian Cup 2027 Preliminary Joint Qualification Round 2 match to be held at the Jassim bin Hamad Stadium on Tuesday.

Earlier, head coach Igor Stimac had named a 23-member squad to travel for the fixture. Apart from captain Sunil Chhetri, who retired after his last game for the country against Kuwait on Thursday, defenders Amey Ranawade, Lalchungnunga and Subhasish Bose did not travel to Qatar.

As far as the captain's armband is concerned, Stimac mentioned that it was a no-brainer to hand it to Gurpreet Singh Sandhu for Tuesday's match. With 72 caps, the 32-year-old is now the most experienced and longest-serving player in the national team after Chhetri's departure.

## ਬੈਂਕ ਔਫ਼ ਕੈਨੇਡਾ ਨੇ ਵਿਆਜ ਦਰ ਘਟਾ ਕੇ 4.75% ਕੀਤੀ



ਬੈਂਕ ਔਫ਼ ਕੈਨੇਡਾ ਨੇ ਵਿਆਜ ਦਰ ਘਟਾ ਕੇ 4.75% ਕਰ ਦਿੱਤੀ ਹੈ। ਪਿਛਲੇ ਸਾਲ ਜੁਲਾਈ ਤੋਂ ਵਿਆਜ ਦਰ 5% 'ਤੇ ਬਰਕਰਾਰ ਸੀ। ਮਹਾਂਮਾਰੀ ਵਿਚ ਵਿਆਜ ਦਰਾਂ ਅਸਧਾਰਨ ਪੱਧਰ ਤੱਕ ਘਟਾਉਣ ਤੋਂ ਬਾਅਦ ਪੈਦਾ ਹੋਈ ਮਹਿੰਗਾਈ ਨੂੰ ਕਾਬੂ ਕਰਨ ਲਈ ਬੈਂਕ ਔਫ਼ ਕੈਨੇਡਾ ਨੇ ਮਾਰਚ 2022 ਤੋਂ ਬਾਅਦ ਵਿਆਜ ਦਰਾਂ ਵਿਚ ਤੇਜ਼ੀ ਲਿਆਉਣ ਦਾ ਸਿਲਸਿਲਾ ਸ਼ੁਰੂ ਕੀਤਾ ਸੀ।

ਮਹਿੰਗਾਈ ਦਰ ਹੇਠਾਂ ਆਉਣ ਦੇ ਮੱਦੇਨਜ਼ਰ ਅਰਥਸ਼ਾਸਤਰੀਆਂ ਨੂੰ ਐਦਕੀਂ ਵਿਆਜ ਦਰਾਂ ਵਿਚ ਕਟੌਤੀ ਹੋਣ ਦੀ ਉਮੀਦ ਸੀ। ਇਸ ਸਾਲ ਮਾਰਚ ਵਿਚ ਮਹਿੰਗਾਈ ਦਰ 2.9% ਸੀ ਅਤੇ ਅਪ੍ਰੈਲ ਵਿਚ ਇਹ ਘਟ ਕੇ 2.7% 'ਤੇ ਦਰਜ ਹੋਈ ਸੀ। ਬੈਂਕ ਦੇ ਗਵਰਨਰ ਟਿਫ ਮੈਕਲਮ ਨੇ ਸ਼ੁਰੂਆਤੀ ਟਿੱਪਣੀਆਂ ਵਿੱਚ ਕਿਹਾ ਕਿ ਬੈਂਕ ਦੀ ਮੁਦਰਾ ਨੀਤੀ ਨੂੰ ਹੁਣ ਇੰਨੀ ਪਾਬੰਦੀਸ਼ੁਦਾ ਹੋਣ ਦੀ ਲੋੜ ਨਹੀਂ ਹੈ। ਮੈਕਲਮ ਨੇ ਕਿਹਾ, ਅਸੀਂ ਮਹਿੰਗਾਈ ਦੇ ਖਿਲਾਫ ਲੜਾਈ ਵਿੱਚ ਇੱਕ ਲੰਮਾ ਸਫ਼ਰ ਤੈਅ ਕੀਤਾ ਹੈ। ਅਤੇ ਮਹਿੰਗਾਈ ਦੋ ਪ੍ਰਤੀਸ਼ਤ ਦੇ ਟੀਚੇ ਦੇ ਨੇੜੇ ਜਾਂਦੀ ਰਹੇਗੀ, ਹਾਲ ਹੀ ਦੇ ਮਹੀਨਿਆਂ ਵਿੱਚ ਇਸ ਬਾਰੇ ਸਾਡਾ ਭਰੋਸਾ ਵਧਿਆ ਹੈ।

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰੂ ਅਰਜਨ ਸਾਹਿਬ ਜੀ ਨੇ ਲਾਹੌਰ ਵਿੱਚ ਕਾਲ (faimne) ਪੈਣ 'ਤੇ ਪੀੜਤਾਂ ਦੀ ਲਗਾਤਾਰ ਕਿੰਨਾਂ ਸਮਾਂ ਹਥੀਂ ਸੇਵਾ ਕੀਤੀ?**

a. 12 ਮਹੀਨੇ   b. 2 ਸਾਲ
c. 6 ਮਹੀਨੇ   d. 8 ਮਹੀਨੇ

**2. ਆਸਾ ਕੀ ਵਾਰ ਵਿਚ ਕੁਲ ਕਿਤਨੀਆ ਪਉੜੀਆਂ ਹਨ?**

a. 38   b. 22
c. 24   d. 20

**3. ਆਸਾ ਕੀ ਵਾਰ ਵਿਚ ਕਿਹੜੇ ਗੁਰੂ ਸਾਹਿਬ ਦੇ ਸ਼ਲੋਕ ਹਨ?**

a. ਮਹਲਾ 1 ਤੇ 3   b. ਮਹਲਾ 2 ਤੇ 3
c. ਮਹਲਾ 1 ਤੇ 2   d. ਮਹਲਾ 2 ਤੇ 4

**4. ਆਸਾ ਕੀ ਵਾਰ ਦੀ ਕਿਹੜੀ ਪਉੜੀ ਦੇ ਨਾਲ ੫ ਸ਼ਲੋਕ ਹਨ?**

a. 21   b. 22
c. 23   d. 24

**5. According to Sikh School of thought which of the following is advisable?**

a. Pilgrimage   b. Fasting
c. Virtuous life   d. Celibacy

(ਦੇਖੋ ਉੱਤਰ ਪੰਨਾ 4 'ਤੇ)

# Limca Book of Record Holder Singh Brothers Journey



An Inspiring Story behind this Record. The journey to make this Record in Limca Book was started on 26th March, 2022 and we started practicing with full dedication and within a month we have ready to set the record. But the practice of 1 months for this record wasn't tough for us but what really tough was 'Patience' for the result of this record. And that fight with patience is really tough for us. We have worked hard with full power, dedication and being in discipline but now we have to wait for the final results.

So after attempting this record on 27th april, 2022 we tried contacting them alot on e-mails for the results but mostly we are getting the same reply that please wait, we are still checking the records and we will get back to you shortly. So, for the same we tried for next 1 year but was getting same reply and than thought that we should give up for this now because we are really feeling depressed. But then we started accepting that pain as our daily dose of motivation to move further for the practice of new records or some new opportunities. So then slowly slowly we have change our mindset and make record in international book. But now after the long wait of 735 day's, we are officially a Limca Book of Record Holder in most no of tandem push-ups in 1 minute. I recieved the mail for the same on 30th November 2023 from one of their Team member that we are the official record holder and recieved the certificate after 5 month on April 2024. So, atlast I just want to say that, keep improving yourself day by day, believe in yourself,work hard and have patience.

## ਲਹਿੰਦੇ ਪੰਜਾਬ ਦੀ ਵਿਧਾਨ ਸਭਾ ਵਿਚ ਮੈਂਬਰਾਂ ਨੂੰ ਪੰਜਾਬੀ ਬੋਲਣ ਦੀ ਮਿਲੀ ਇਜਾਜ਼ਤ

ਪਾਕਿਸਤਾਨ ਦੀ ਪੰਜਾਬ ਵਿਧਾਨ ਸਭਾ ਦੇ ਮੈਂਬਰ ਹੁਣ ਸਦਨ ਵਿਚ ਅੰਗਰੇਜ਼ੀ ਅਤੇ ਉਰਦੂ ਤੋਂ ਇਲਾਵਾ ਪੰਜਾਬੀ ਸਮੇਤ ਘੱਟੋ-ਘੱਟ ਚਾਰ ਸਥਾਨਕ ਭਾਸ਼ਾਵਾਂ ਵਿਚ ਗੱਲ ਕਰ ਸਕਣਗੇ। ਇਸ ਸਬੰਧੀ ਇਕ ਸੋਧ ਕੀਤੀ ਗਈ ਹੈ। 'ਐਕਸਪ੍ਰੈਸ ਟ੍ਰਿਬਿਊਨ' ਅਖ਼ਬਾਰ ਦੀ ਖ਼ਬਰ ਮੁਤਾਬਕ ਪੰਜਾਬ ਵਿਧਾਨ ਸਭਾ ਦੇ ਸਪੀਕਰ ਮਲਿਕ ਮੁਹੰਮਦ ਅਹਿਮਦ ਖਾਨ ਦੀ ਅਗਵਾਈ ਵਾਲੀ ਸਦਨ ਦੀ ਵਿਸ਼ੇਸ਼ ਕਮੇਟੀ ਨੇ ਵੀਰਵਾਰ ਨੂੰ ਉਨ੍ਹਾਂ ਸੋਧਾਂ ਨੂੰ ਮਨਜ਼ੂਰੀ ਦੇ ਦਿਤੀ ਹੈ, ਜਿਸ ਨਾਲ ਮੈਂਬਰ ਸਦਨ ਵਿਚ ਅੰਗਰੇਜ਼ੀ ਅਤੇ ਉਰਦੂ ਦੇ ਨਾਲ-ਨਾਲ ਪੰਜਾਬੀ, ਸਰਾਇਕੀ, ਪੋਠੋਹਾਰੀ ਅਤੇ ਮੇਵਾਤੀ ਵਿਚ ਸੰਬੋਧਨ ਦੀ ਇਜਾਜ਼ਤ ਹੋਵੇਗੀ। ਇਸ ਤੋਂ ਪਹਿਲਾਂ ਅੰਗਰੇਜ਼ੀ ਅਤੇ ਉਰਦੂ ਤੋਂ ਇਲਾਵਾ ਕਿਸੇ ਵੀ ਭਾਸ਼ਾ ਵਿਚ ਗੱਲ ਕਰਨ ਲਈ ਕਿਸੇ ਮੈਂਬਰ ਨੂੰ ਵਿਧਾਨ ਸਭਾ ਦੇ ਦੇ ਸਪੀਕਰ ਤੋਂ ਇਜਾਜ਼ਤ ਲੈਣੀ ਪੈਂਦੀ ਸੀ, ਜੋ ਹਮੇਸ਼ਾ ਨਹੀਂ ਮਿਲਦੀ ਸੀ।

## Proud Moment for Sikhs

For the first time in Cricket World Cup history, the maximum number of Sikhs are in the Playing XIs! Harmeet Singh and Jasdeep Singh represent the USA Playing XI, while Canada features Dilpreet Singh, Pargat Singh, and Navneet Dhaliwal in their Playing XI. A proud moment for Sikhs worldwid.


## SIKH MATRIMONIALS

Gursikh girl 25/5'4"/Bachelor of Business Administration/Well Employed Package 70000 Canadian Dollars/Citizen/ Contact +1 (604) 230-5738

Gursikh Boy 28/5'10"/BTech/Working in Data Analytics Domain/Canada PR/Package 100000 CAD Contact+91 99580 01089

Gursikh Boy 28/5'10"/BTech/PG course from Toronto Canada PR/FatherAdvocate Delhi HC,Mother Retired from SBI/Contact +91 9810396775

Gursikh Amritdhari girl 30/5'3" /Masters USA/ Software Developer/San Francisco/Package USD 125000/ Contact +91 7428742265

Gursikh girl 32/PG in Canadian Health Care/ Pursuing Dental Hygiene/Divorced/Working as Dental Assistant in Ottawa/ Back home Dentist/ Brother married also in Ottawa. Business family Contact +1 5197816013


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. C 3. C 4. B 5. C

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555